# ਬੱਚਿਆਂ ਲਈ ਬਾਈਬਲ

## ਉਪੱਸਥਿਤ



# ਇੱਕ ਮਨੁੱਖ ਦਾ ਪਰਮੇਸ਼ਵਰ ਦੁਆਰਾ ਭੇਜਿਆ ਜਾਣਾ


ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਦਲਿਆ ਗਿਆ : E. Frischbutter; Sarah S.


ਕਹਾਣੀ 37 ਤ਼ 60


**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਇੱਕ ਦਿਨ ਜ਼ਕਰਯਾਹ ਨਾਂ ਦਾ ਇੱਕ ਬਿਰਧ ਯਾਜਕ ਪਰਮੇਸ਼ਵਰ ਦੀ ਹੈਕਲ ਵਿੱਚ ਧੂਪ ਧੁਖਾ ਰਿਹਾ ਸੀਂ। ਬਾਹਰ ਲੋਕ ਪ੍ਰਾਥਨਾ ਕਰ ਰਹੇ ਸਨ। ਅਚਾਨਕ ਜ਼ਕਰਯਾਹ ਘਬਰਾ ਗਿਆ।



1

ਇੱਕ ਦੂਤ ਆਇਆ ਅਤੇ ਉਸਨੇ ਕਿਹਾ, “ਨਾਂ ਡਰ, ਮੈਨੂੰ ਪਰਮੇਸ਼ਵਰ ਨੇਂ ਭੇਜਿਆ ਹੈ।” ਤੇਰੀ ਪਤਨੀ ਨੂੰ ਇੱਕ ਬੱਚਾ ਹੋਵੇਗਾ।



2


ਉਸਨੂੰ ਯੂਹੰਨਾ ਸੱਦਣਾ। ਉਹ ਜਨਮ ਤੋਂ ਹੀ ਪਵਿੱਤਰ ਆਤਮਾਂ ਨਾਲ ਭਰ ਜਾਵੇਗਾ। ਉਹ ਬਹੁਤਿਆਂ ਲੋਕਾਂ ਨੂੰ ਪਰਮੇਸ਼ਵਰ ਵੱਲ ਮੋੜੇਗਾ।
3
ਜ਼ਕਰਯਾਹ, ਸਾਡੇ ਨਾਲ ਬੋਲ। ਬਾਹਰ ਖੜੇ ਲੋਕ ਉਲਝਣ ਵਿੱਚ ਸਨ।ਉਹ ਨਹੀਂ ਜਾਣਦੇ ਸਨ ਕਿ ਜ਼ਿਬਰਾਈਲ ਦੂਤ ਨੇ ਕਿਹਾ ਹੈ ਕਿ ਉਹ ਬੱਚੇ ਦੇ ਜਨਮ ਤੱਕ ਨਹੀਂ ਬੋਲ ਸਕਦਾ ਕਿਉਂਕਿ ਉਸਨੇਂ ਪਰਮੇਸ਼ਵਰ ਦੇ ਸੰਦੇਸ਼ ਤੇ ਵਿਸ਼ਵਾਸ਼ ਨਹੀਂ ਕੀਤਾ। ਉਸਨੇ ਸੋਚਿਆ ਕਿ ਉਸਦੀ ਪਤਨੀ ਬਹੁਤ ਬਿਰਧ ਸੀਂ, ਅਤੇ ਕਿਸ ਤਰ੍ਹਾਂ ਉਹ ਬੱਚਾ ਜਣੇਗੀ।
4
ਘਰ ਵਿੱਚ ਜ਼ਕਰਯਾਹ ਨੇਂ ਉਹ ਸਭ ਕੁਝ ਲਿਖ ਦਿੱਤਾ ਜਿਹੜਾ ਦੂਤ ਨੇਂ ਉਸਨੂੰ ਕਿਹਾ ਸੀਂ। ਉਸਦੀ ਪਤਨੀ ਇਲੀਸਬਤ ਹੈਰਾਨ ਹੋਈ। ਉਹ ਹਮੇਸ਼ਾ ਤੋਂ ਇੱਕ ਬੱਚੇ ਲਈ ਪ੍ਰਾਥਨਾ ਕਰਦੇ ਸੀਂ। ਕਿ ਇਹ ਹੁਣ ਹੋ ਸਕਦਾ ਸੀਂ?
5
ਜਲਦ ਹੀ ਇਲੀਸਬਤ ਜਾਣ ਗਈ ਕੀ ਉਹ ਗਰਭਵਤੀ ਹੈ। ਉਸਨੇਂ ਪਰਮੇਸ਼ਵਰ ਦਾ ਧੰਨਵਾਦ ਕੀਤਾ। ਇੱਕ ਦਿਨ ਇਲੀਸਬਤ ਦੀ ਚਚੇਰੀ ਭੈਣ ਮਰਿਯਮ ਮਿਲਣ ਆਈ। ਮਰਿਯਮ ਵੀ ਗਰਭਵਤੀ ਸੀਂ।
6
ਜਦੋਂ ਮਰਿਯਮ ਪਹੁੰਚੀ, ਤਾਂ ਇਲੀਸਬਤ ਨੂੰ ਮਹਿਸੂਸ ਹੋਇਆ ਕੀ ਬੱਚਾ ਉਸਦੇ ਪੇਟ ਵਿੱਚ ਉਛਲਿਆ। ਇਲੀਸਬਤ ਪਵਿੱਤਰ ਆਤਮਾਂ ਨਾਲ ਭਰ ਗਈ। ਉਹ ਜਾਣ ਗਈ ਕੀ ਮਰਿਯਮ ਦਾ ਬੱਚਾ ਹੀ ਪ੍ਰਭੂ ਯਿਸੂ ਮਸੀਹ ਹੋਵੇਗਾ। ਦੋਨਾਂ ਔਰਤਾਂ ਨੇਂ ਮਿਲ ਕੇ ਪਰਮੇਸ਼ਵਰ ਦਾ ਖੁਸ਼ੀ ਨਾਲ ਧੰਨਵਾਦ ਕੀਤਾ।
7
ਜਿਸ ਤਰ੍ਹਾਂ ਪਰਮੇਸ਼ਵਰ ਨੇਂ ਵਾਇਦਾ ਕੀਤਾ ਸੀਂ ਇਲੀਸਬਤ ਬੱਚਾ ਜਣੀ। ਬਾਕੀ ਯਾਜਕਾਂ ਨੇ ਆਖਿਆ, “ਜੋ ਨਾਮ ਇਸਦੇ ਪਿਤਾ ਦਾ ਹੈ, ਇਹ ਵੀ ਜ਼ਕਰਯਾਹ ਕਹਾਏਗਾ।” ਜ਼ਕਰਯਾਹ ਨੂੰ ਪਰਮੇਸ਼ਵਰ ਦੀ ਆਗਿਆ ਯਾਦ ਆਈ। ਨਹੀਂ! ਇਸ ਦਾ ਨਾਂ ਯੂਹੰਨਾ ਹੈ। ਜਦ ਜ਼ਕਰਯਾਹ ਨੇਂ ਉਹ ਸ਼ਬਦ ਲਿਖੇ, ਤਾਂ ਉਸਦੀ ਜ਼ੁਬਾਨ ਖੁਲ ਗਈ। ਤਦ ਉਸਨੇਂ ਪਰਮੇਸ਼ਵਰ ਦਾ ਧੰਨਵਾਦ ਕੀਤਾ।
8


ਜਦ ਯੂਹੰਨਾ ਵੱਡਾ ਹੋਇਆ ਤਾਂ
ਉਹ ਏਲੀਆਹ ਵਰਗਾ ਸੀਂ,
ਪਰਮੇਸ਼ਵਰ ਦਾ ਮਹਾਨ
ਵਿਅਕਤੀ। ਯੂਹੰਨਾ ਨੇਂ ਲੋਕਾਂ
ਨੂੰ ਦੱਸਿਆ ਕੀ ਮਸੀਹਾ ਜਲਦ
ਤੁਹਾਨੂੰ ਆਸ਼ੀਸ਼ ਦੇਣ ਆ
ਰਿਹਾ ਹੈ।
9


ਯਹੂਦੀ ਅਗੁਵੇ ਯੂਹੰਨਾ ਤੋਂ
ਨਫਰਤ ਕਰਦੇ ਸਨ ਕਿਉਂਕਿ
ਉਹ ਉਹਨਾਂ ਨੂੰ "ਪਛਚਾਤਾਪ"
ਅਤੇ ਗੁਨਾਹਾਂ ਨੂੰ ਛੱਡਣ ਲਈ
ਕਹਿੰਦਾ ਸੀਂ। ਉਹ ਆਪਣੇ
ਗੁਨਾਹਾਂ ਦੇ ਬਾਰੇ ਸੁਣਨਾਂ ਨਹੀਂ
ਚਾਹੁੰਦੇ ਸਨ।
10


ਕੁਝ ਉਸਨੂੰ ਯੂਹੰਨਾ ਬਪਤਿਸਮਾ ਦੇਣ ਵਾਲਾ ਕਹਿੰਦੇ ਸਨ ਕਿਉਂਕਿ ਉਹ
ਲੋਕਾਂ ਨੂੰ ਪਾਣੀ ਵਿੱਚ ਡੂਬੋਣ ਦੇ ਦੁਆਰਾ ਦੱਸਦਾ ਸੀਂ ਕੀ ਉਹ ਆਪਣੇ
ਪਾਪਾਂ ਲਈ ਸ਼ਰਮਿੰਦੇ ਹਨ। ਇੱਕ ਦਿਨ ਯਿਸੂ
ਬਪਤਿਸਮਾਂ ਲੈਂਣ ਲਈ ਯੂਹੰਨਾ ਕੋਲ ਆਇਆ।
ਯੂਹੰਨਾ ਨੇਂ ਉਸਨੂੰ ਇਹ ਕਹਿਕੇ
ਰੋਕਿਆ, "ਤੈਂ ਮੈਨੂੰ
ਬਪਤਿਸਮਾਂ ਦੇਹ"।
ਪਰ ਯਿਸੂ ਨੇਂ ਕਿਹਾ,
"ਹੁਣ ਇਸੇ ਤਰ੍ਹਾਂ
ਹੋਣ ਦੇਹ"।
ਅਤੇ ਯੂਹੰਨਾ
ਨੇਂ ਉਸਨੂੰ
ਬਪਤਿਸਮਾਂ
ਦੇ ਦਿੱਤਾ।
11


ਯਿਸੂ ਦੇ ਬਪਤਿਸਮਾਂ ਲੈਂਣ
ਤੋਂ ਬਾਅਦ, ਯੂਹੰਨਾ ਨੇਂ
ਪਵਿੱਤਰ ਆਤਮਾ ਕਬੂਤਰ
ਦੇ ਦੁਆਰਾ ਯਿਸੂ ਤੇ
ਉਤਰਦਾ ਡਿੱਠਾ। ਇਹ
ਪਰਮੇਸ਼ਵਰ ਦੁਆਰਾ ਚਿੰਨ
ਸੀਂ। ਯੂਹੰਨਾ ਜਾਣ ਗਿਆ
ਕੀ ਯਿਸੂ ਹੀ ਪਰਮੇਸ਼ਵਰ
ਦਾ ਪੁੱਤਰ ਸੀਂ। ਯੂਹੰਨਾ ਨੇਂ
ਯਿਸੂ ਨੂੰ ਆਖਿਆ, ਉਹ
ਵੇਖੋ ਪਰਮੇਸ਼ਵਰ ਦਾ ਲੇਲਾ
ਜਿਹੜਾ ਜਗਤ ਦੇ ਪਾਪ
ਚੁੱਕ ਕੇ ਲੈ ਜ਼ਾਂਦਾ ਹੈ।
12


ਯੂਹੰਨਾ ਬਹੁਤ ਲੋਕਾਂ
ਨੂੰ ਪਰਮੇਸ਼ਵਰ ਵੱਲ
ਲਿਆਇਆ। ਪਰ
ਹੈਰੋਦੇਸ ਨੇਂ ਜੋ ਕੀ ਬੁਰਾ
ਰਾਜਾ ਸੀਂ, ਯੂਹੰਨਾ ਨੂੰ
ਜ਼ੇਲ ਭੇਜਿਆ। ਕਿਉਂਕਿ
ਯੂਹੰਨਾ ਨੇਂ ਹੈਰੋਦੇਸ ਨੂੰ
ਕਿਹਾ ਸੀਂ, ਇਹ ਉਸਦੇ
ਲਈ ਪਾਪ ਹੈ ਕੀ ਉਸਨੇਂ
ਅਪਣੇ ਭਾਈ ਦੀ ਪਤਨੀਂ
ਹੈਰੋਦਿਆਸ ਨੂੰ ਆਪਣੀ
ਪਤਨੀਂ ਕਰ ਲਿਆ ਹੈ।
13


ਹੇਰੋਦੇਸ ਇਹ ਸਚਾਈ
ਜਾਂਣਦਾ ਸੀਂ। ਉਹ
ਜਾਂਣਦਾ ਸੀਂ ਕੀ ਯੂਹੰਨਾ
ਪਰਮੇਸ਼ਵਰ ਦਾ ਸੇਵਕ
ਅਤੇ ਇੱਕ ਪਵਿੱਤਰ
ਮਨੁੱਖ ਹੈ। ਪਰ ਉਹ
ਪਾਪ ਕਰਨੇ ਛੱਡਣਾ
ਨਹੀਂ ਚਾਹੁੰਦਾ ਸੀਂ।
ਅਤੇ ਯੂਹੰਨਾ ਪਾਪਾਂ ਦੇ
ਖਿਲਾਫ ਪਰਚਾਰ ਬੰਦ
ਨਹੀਂ ਕਰੇਗਾ, ਭਾਂਵੇ
ਉਸਨੂੰ ਜ਼ੇਲ ਜਾਣਾਂ ਪਵੇ।
14













ਇੱਕ ਮਨੁੱਖ ਦਾ ਪਰਮੇਸ਼ਵਰ ਦੁਆਰਾ ਭੇਜਿਆ ਜਾਣਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮਰਕੁਸ ਦੀ ਇੰਜੀਲ 6, ਲੂਕਾ ਦੀ ਇੰਜੀਲ 1, 3

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ੍ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ੍ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ੍ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ੍ਵਰ ਨੂੰ ਆਖੋ : ਪਿਆਰੇ ਪਰਮੇਸ੍ਵਰ ਮੈ ਵਿਸ੍ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿਂਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ੍ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।